


# ਵਪਾਰਕ ਕਿਰਾਏਦਾਰ ਲਈ ਸਰੋਤ ਗਾਈਡਾਂ

## ਨੰਬਰ 1: ਮੂਲ ਗੱਲਾਂ

- ਵਪਾਰਕ ਕਿਰਾਏਦਾਰੀ ਦੀ ਵਿਆਖਿਆ
- ਕਨੂੰਨੀ ਅਤੇ ਰੈਗੂਲੇਟਰੀ ਸੁਰੱਖਿਆਵਾਂ

2022

CITY OF VANCOUVER

# 1. ਵਪਾਰਕ ਕਿਰਾਏਦਾਰ ਬਾਰੇ ਮੂਲ ਗੱਲਾਂ

## "ਵਪਾਰਕ ਕਿਰਾਏਦਾਰ" ਕੀ ਹੁੰਦਾ ਹੈ?

ਵਪਾਰਕ ਕਿਰਾਏਦਾਰ ਉਹ ਵਿਅਕਤੀ ਜਾਂ ਸੰਸਥਾ ਹੁੰਦੀ ਹੈ ਜੋ ਗੈਰ-ਰਿਹਾਇਸ਼ੀ ਜਗ੍ਹਾ ਨੂੰ ਕਿਰਾਏ 'ਤੇ ਜਾਂ ਲੀਜ਼ 'ਤੇ ਲੈਂਦਾ ਹੈ ਅਤੇ ਉਸ ਜਗ੍ਹਾ ਵਿੱਚ ਰਹਿੰਦਾ ਨਹੀਂ ਹੈ। ਲੀਜ਼ ਕਿਰਾਏਦਾਰ ('ਲੀਜ਼ ਲੈਣ ਵਾਲੇ') ਅਤੇ ਮਕਾਨ-ਮਾਲਕ ('ਲੀਜ਼ ਦੇਣ ਵਾਲੇ') ਦੇ ਵਿਚਕਾਰ ਹੁੰਦੀ ਹੈ[1]।

"ਵਪਾਰਕ" ਕਿਰਾਏਦਾਰ ਇੱਕ ਕਾਰੋਬਾਰ, ਇੱਕ ਗੈਰ-ਮੁਨਾਫ਼ਾ ਸੰਗਠਨ, ਇੱਕ ਸਮਾਜਿਕ ਉੱਦਮ, ਇੱਕ ਭਾਈਚਾਰਕ ਸੰਸਥਾ, ਜਾਂ ਇੱਕ ਸਰਕਾਰੀ ਸੰਸਥਾ, ਆਦਿ ਹੋ ਸਕਦਾ ਹੈ। ਸ਼ਬਦ **"ਵਪਾਰਕ"** ਗੈਰ-ਰਿਹਾਇਸ਼ੀ ਥਾਂ ਨੂੰ ਦਰਸਾਉਂਦਾ ਹੈ ਨਾ ਕਿ ਕਿਰਾਏਦਾਰ ਦੀਆਂ ਗਤੀਵਿਧੀਆਂ ਨੂੰ।

**ਸਰੋਤ ਗਾਈਡਾਂ ਬਾਰੇ ਸੰਖੇਪ ਜਾਣਕਾਰੀ**


| | |
|---|---|
| ਗਾਈਡ 1 | ਵਪਾਰਕ ਕਿਰਾਏਦਾਰੀ ਬਾਰੇ ਮੂਲ ਗੱਲਾਂ |
| ਗਾਈਡ 2 | ਵਪਾਰਕ ਲੀਜ਼ ਬਾਰੇ ਗੱਲਬਾਤ |
| ਗਾਈਡ 3 | ਜਗ੍ਹਾ ਬਦਲੀ ਅਤੇ ਨਵੀਂ ਜਗ੍ਹਾ ਲੱਭਣੀ |
| ਗਾਈਡ 4 | ਪੁਨਰ-ਵਿਕਾਸ: ਸਮਾਂਰੇਖਾ ਅਤੇ ਪ੍ਰਕਿਰਿਆ |
| ਗਾਈਡ 5 | ਸਿਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ |
| ਗਾਈਡ 6 | ਸਹਾਇਤਾ, ਸਰੋਤ ਅਤੇ ਸ਼ਬਦਾਵਲੀ |


ਜਿਲਦ 'ਤੇ ਚਿੱਤਰ: *Graeme Jones*

## ਵਪਾਰਕ ਕਿਰਾਏਦਾਰ ਲਈ ਕਾਨੂੰਨੀ ਅਤੇ ਰੈਗੂਲੇਟਰੀ ਸੁਰੱਖਿਆਵਾਂ

ਇੱਕ ਵਪਾਰਕ ਕਿਰਾਏਦਾਰ ਹੋਣ ਦੇ ਨਾਤੇ, ਤੁਹਾਡੇ ਅਤੇ ਮਕਾਨ-ਮਾਲਕ ਵਿਚਕਾਰ ਲੀਜ਼ ਤੁਹਾਡੀ ਕਿਰਾਏਦਾਰੀ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪਰਿਭਾਸ਼ਿਤ ਕਰਦੀ ਹੈ। ਇਹ ਜ਼ੋਰ ਦੇ ਕੇ ਸਿਫ਼ਾਰਿਸ਼ ਕੀਤੀ ਜਾਂਦੀ ਹੈ ਕਿ ਤੁਸੀਂ ਆਪਣੇ ਲਈ ਸਭ ਤੋਂ ਵਧੀਆ ਸੰਭਵ ਲੀਜ਼ 'ਤੇ ਗੱਲਬਾਤ ਕਰਨ ਲਈ ਪੇਸ਼ੇਵਰ ਮਦਦ ਪ੍ਰਾਪਤ ਕਰੋ। ਪੇਸ਼ੇਵਰ ਮਦਦ ਕਿੱਥੋਂ ਪ੍ਰਾਪਤ ਕਰਨੀ ਹੈ ਇਸ ਬਾਰੇ ਹੋਰ ਜਾਣਕਾਰੀ ਤੁਹਾਨੂੰ ਗਾਈਡ 6: ਸਹਾਇਤਾ, ਸਰੋਤ ਅਤੇ ਸ਼ਬਦਾਵਲੀ ਅਤੇ ਆਪਣੀ ਲੀਜ਼ ਬਾਰੇ ਗੱਲਬਾਤ ਕਿਵੇਂ ਕਰਨੀ ਹੈ, ਇਸ ਬਾਰੇ ਜਾਣਕਾਰੀ ਗਾਈਡ 2 ਵਪਾਰਕ ਲੀਜ਼ ਬਾਰੇ ਗੱਲਬਾਤ ਵਿੱਚ ਮਿਲ ਸਕਦੀ ਹੈ।

ਵਪਾਰਕ ਲੀਜ਼ ਇਸ 'ਤੇ ਅਧਾਰਤ ਹੁੰਦੀ ਹੈ:

- ਵਪਾਰਕ ਕਿਰਾਏਦਾਰੀ ਅਧਿਨਿਯਮ
- ਇਕਰਾਰਨਾਮਾ ਕਾਨੂੰਨ

### ਵਪਾਰਕ ਕਿਰਾਏਦਾਰੀ ਅਧਿਨਿਯਮ

BC ਸੂਬੇ ਦੇ ਵਪਾਰਕ ਕਿਰਾਏਦਾਰੀ ਅਧਿਨਿਯਮ ਵਿੱਚ ਤੁਹਾਡੇ ਅਤੇ ਤੁਹਾਡੇ ਮਕਾਨ-ਮਾਲਕ ਵਿਚਕਾਰ ਮੁੱਦਿਆਂ ਅਤੇ ਵਿਵਾਦਾਂ ਨੂੰ ਸੁਲਝਾਉਣ ਦੇ ਤਰੀਕੇ ਸ਼ਾਮਲ ਹਨ। ਵਪਾਰਕ ਕਿਰਾਏਦਾਰੀ ਅਧਿਨਿਯਮ ਉਸੇ ਕਿਸਮ ਦੀ ਕਾਨੂੰਨੀ ਜਾਂ ਰੈਗੂਲੇਟਰੀ ਸੁਰੱਖਿਆ ਪ੍ਰਦਾਨ ਨਹੀਂ ਕਰਦਾ ਜੋ ਰਿਹਾਇਸ਼ੀ ਕਿਰਾਏਦਾਰੀ ਅਧਿਨਿਯਮ ਪ੍ਰਦਾਨ ਕਰਦਾ ਹੈ। ਇਹ ਇਸ ਲਈ ਹੈ ਕਿਉਂਕਿ ਵਪਾਰਕ ਲੀਜ਼ਾਂ ਨੂੰ ਆਮ ਤੌਰ 'ਤੇ ਇਕਰਾਰਨਾਮੇ ਵਜੋਂ ਦੇਖਿਆ ਜਾਂਦਾ ਹੈ ਜਿੱਥੇ ਸ਼ਰਤਾਂ 'ਤੇ ਮਕਾਨ-ਮਾਲਕ ਅਤੇ ਕਿਰਾਏਦਾਰ ਦੇ ਆਪਸੀ ਸਮਝੌਤੇ ਅਨੁਸਾਰ ਸੌਦੇਬਾਜ਼ੀ ਕੀਤੀ ਜਾਂਦੀ ਹੈ। ਬਜ਼ਾਰ ਦੀਆਂ ਸਥਿਤੀਆਂ 'ਤੇ ਨਿਰਭਰ ਕਰਦਿਆਂ, ਵਪਾਰਕ ਕਿਰਾਏਦਾਰਾਂ ਕੋਲ ਨਵੀਂ ਲੀਜ਼ 'ਤੇ ਗੱਲਬਾਤ ਕਰਨ ਵੇਲੇ ਕਾਫ਼ੀ ਸੌਦੇਬਾਜ਼ੀ ਕਰਨ ਦੀ ਸ਼ਕਤੀ ਹੋ ਸਕਦੀ ਹੈ।

ਸਹਾਇਤਾ ਕਿੱਥੋਂ ਲੱਭਣੀ ਹੈ ਇਸ ਬਾਰੇ ਹੋਰ ਜਾਣਕਾਰੀ।

ਲੀਜ਼ 'ਤੇ ਗੱਲਬਾਤ ਕਰਨ ਬਾਰੇ ਹੋਰ ਜਾਣਕਾਰੀ

### ਇਕਰਾਰਨਾਮਾ ਕਾਨੂੰਨ

ਵਪਾਰਕ ਲੀਜ਼ਾਂ ਨੂੰ ਇਕਰਾਰਨਾਮਾ ਕਾਨੂੰਨ ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ – ਇੱਕ ਕਿਸਮ ਦਾ ਕਾਨੂੰਨ ਜਿਸ ਵਿੱਚ ਕਿਸੇ ਖਾਸ ਉਦੇਸ਼ ਲਈ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਕਾਨੂੰਨੀ ਤੌਰ 'ਤੇ ਬੰਧਨਕਾਰੀ ਸਮਝੌਤਾ ਸ਼ਾਮਲ ਹੁੰਦਾ ਹੈ – ਅਤੇ ਇਹਨਾਂ ਨੂੰ ਬ੍ਰਿਟਿਸ਼ ਕੋਲੰਬੀਆ ਸੂਬੇ ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹ[2]।

ਸੂਬਾ ਇਹ ਮੰਗ ਨਹੀਂ ਕਰਦਾ ਕਿ ਵਪਾਰਕ ਲੀਜ਼ ਲਈ ਕੋਈ ਮਿਆਰੀ ਫਾਰਮ ਜਾਂ ਟੈਂਪਲੇਟ ਹੋਵੇ, ਇਸ ਲਈ ਹਰੇਕ ਲੀਜ਼ ਨੂੰ ਮਕਾਨ-ਮਾਲਕ ਅਤੇ ਕਿਰਾਏਦਾਰ ਵਿਚਕਾਰ ਗੱਲਬਾਤ ਦੁਆਰਾ ਲੋੜ ਅਨੁਸਾਰ ਤਿਆਰ ਕੀਤਾ ਜਾ ਸਕਦਾ ਹੈ। ਮਕਾਨ-ਮਾਲਕ ਆਮ ਤੌਰ 'ਤੇ ਲੀਜ਼ ਦੇ ਆਪਣੇ ਮਿਆਰੀ ਰੂਪ ਦੀ ਵਰਤੋਂ ਕਰਦੇ ਹਨ, ਜਿਸ ਨੂੰ ਉਹ ਦਸਤਖ਼ਤ ਲਈ ਕਿਰਾਏਦਾਰ ਨੂੰ ਪੇਸ਼ ਕਰਦੇ ਹਨ। ਦਸਤਖ਼ਤ ਕਰਨ ਤੋਂ ਪਹਿਲਾਂ, ਅਸੀਂ ਲੀਜ਼ ਦੇ ਸ਼ਬਦਾਂ ਦੀ ਗੱਲਬਾਤ ਕਰਨ ਅਤੇ ਖਰੜਾ ਤਿਆਰ ਕਰਨ ਲਈ ਕਿਸੇ ਪੇਸ਼ੇਵਰ ਸਲਾਹ ਲੈਣ ਦੀ ਜ਼ੋਰਦਾਰ ਸਿਫ਼ਾਰਿਸ਼ ਕਰਦੇ ਹਾਂ (ਗਾਈਡ 2: ਵਪਾਰਕ ਲੀਜ਼ ਬਾਰੇ ਗੱਲਬਾਤ) ਵੀ ਦੇਖੋ।

[1]ਇਹ ਗਾਈਡ ਜਗ੍ਹਾ ਨੂੰ ਲੀਜ਼ 'ਤੇ ਦੇਣ ਵਾਲੇ ਵਿਅਕਤੀ ਦਾ ਵਰਣਨ ਕਰਨ ਲਈ "ਪ੍ਰਾਪਰਟੀ ਦੇ ਮਾਲਕ" ਅਤੇ "ਮਕਾਨ-ਮਾਲਕ" ਦੀ ਵਰਤੋਂ ਕਰਦੀ ਹੈ।
[2]ਬ੍ਰਿਟਿਸ਼ ਕੋਲੰਬੀਆ 'ਆਮ ਕਾਨੂੰਨ' ਪ੍ਰਣਾਲੀ ਦੇ ਅਧੀਨ ਕੰਮ ਕਰਦਾ ਹੈ ਜਿਸ ਵਿੱਚ 'ਕੇਸ ਕਾਨੂੰਨ' (ਪਿਛਲੇ ਮਾਮਲਿਆਂ ਵਿੱਚ ਫੈਸਲੇ) ਦੇ ਹਵਾਲੇ ਨਾਲ ਕਾਨੂੰਨੀ ਵਿਵਾਦਾਂ ਦਾ ਫੈਸਲਾ ਕੀਤਾ ਜਾਂਦਾ ਹੈ।

## ਇੱਕ ਵਪਾਰਕ ਕਿਰਾਏਦਾਰ ਵਜੋਂ ਵੈਨਕੂਵਰ ਸਿਟੀ ਤੁਹਾਡੇ ਲਈ ਮਹੱਤਵਪੂਰਨ ਕਿਉਂ ਹੈ?

ਵੈਨਕੂਵਰ ਸਿਟੀ ਵਪਾਰਕ ਸਥਾਨਾਂ ਦੇ ਰੈਗੂਲੇਟਰ ਵਜੋਂ ਕੰਮ ਕਰਦਾ ਹੈ। ਜੇ ਤੁਸੀਂ ਵੈਨਕੂਵਰ ਸਿਟੀ ਵਿੱਚ ਕੰਮ ਕਰਦੇ ਹੋ, ਤਾਂ ਇਹ ਜ਼ਰੂਰੀ ਹੈ ਕਿ ਤੁਸੀਂ:

- ਜ਼ੋਨਿੰਗ, ਇਮਾਰਤ, ਪਾਰਕਿੰਗ, ਸਾਈਨੇਜ਼, ਵੇਹੜਾ ਅਤੇ ਹੋਰ ਨਿਯਮਾਂ ਨੂੰ ਪੂਰਾ ਕਰੋ
- ਭੋਜਨ ਅਤੇ ਸ਼ਰਾਬ ਸੇਵਾ ਨਾਲ ਸੰਬੰਧਿਤ ਨਿਯਮਾਂ ਨੂੰ ਪੂਰਾ ਕਰੋ
- ਲੋੜੀਂਦੇ ਪਰਮਿਟ ਅਤੇ ਲਾਇਸੰਸ ਪ੍ਰਾਪਤ ਕਰੋ ਅਤੇ ਲਾਗੂ ਫ਼ੀਸਾਂ ਦਾ ਭੁਗਤਾਨ ਕਰੋ
- ਕਾਰੋਬਾਰੀ ਲਾਇਸੰਸ ਪ੍ਰਾਪਤ ਕਰੋ (ਜੇ ਤੁਸੀਂ ਕੋਈ ਕਾਰੋਬਾਰ ਚਲਾਉਂਦੇ ਹੋ)। ਕਾਰੋਬਾਰੀ ਲਾਇਸੰਸ ਬਾਰੇ ਸੰਖੇਪ ਜਾਣਕਾਰੀ।




ਵੇਰਵਿਆਂ ਲਈ, ਕਿਰਪਾ ਕਰਕੇ ਗਾਈਡ 5: ਸਿਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ ਦੇਖੋ।

ਤੁਹਾਡੀ ਲੀਜ਼ 'ਤੇ ਗੱਲਬਾਤ ਕਰਨ, ਕਿਸੇ ਵਿਵਾਦ ਨੂੰ ਹੱਲ ਕਰਨ ਜਾਂ ਜੇਕਰ ਤੁਹਾਨੂੰ ਕਿਰਾਏ ਵਾਲੀ ਥਾਂ 'ਚੋਂ ਕੱਢਿਆ ਜਾ ਰਿਹਾ ਹੈ ਤਾਂ ਇਸ ਵਿੱਚ ਤੁਹਾਡੀ ਮਦਦ ਕਰਨ ਲਈ ਵੈਨਕੂਵਰ ਸਿਟੀ ਦਖਲ ਨਹੀਂ ਦੇਵੇਗਾ। ਹਾਲਾਂਕਿ, ਸਿਟੀ ਸਥਾਨਕ ਕਾਰੋਬਾਰਾਂ ਦਾ ਅਸਿੱਧੇ ਤੌਰ 'ਤੇ ਸਮਰਥਨ ਕਰਦਾ ਹੈ:

- ਵਪਾਰ ਸੁਧਾਰ ਖੇਤਰ (BIA) ਪ੍ਰੋਗਰਾਮ, ਜੋ ਕਿ ਸਥਾਨਕ ਮਾਰਕੀਟ ਬਾਰੇ ਜਾਣਕਾਰੀ ਲਈ ਇੱਕ ਵਧੀਆ ਸਰੋਤ ਹੈ,
- ਨਵੀਨੀਕਰਨ ਵਿੱਚ ਮਦਦ ਲਈ ਛੋਟੇ ਕਾਰੋਬਾਰ ਲਈ ਕਮਰਸ਼ੀਅਲ ਰਿਨੋਵੇਸ਼ਨ ਸੈਂਟਰ (CRC),
- ਮੁੜ ਖੋਲ੍ਹਣ ਲਈ ਪ੍ਰੋਟੋਕੋਲ ਅਤੇ ਕਾਰੋਬਾਰੀ ਸਹਾਇਤਾ ਪ੍ਰੋਗਰਾਮਾਂ ਨੂੰ ਸੰਪਰਕ ਦੇ ਇੱਕ ਬਿੰਦੂ ਵਜੋਂ ਵਪਾਰ ਸੰਚਾਰ ਅਤੇ ਸਹਾਇਤਾ ਦਫ਼ਤਰ (BCSO) ਅਤੇ
- ਸਿਟੀ ਦੀ ਵੈੱਬਸਾਈਟ 'ਤੇ ਹੋਰ ਜਾਣਕਾਰੀ ਜਿਵੇਂ ਕਿ ਪਰਮਿਟ ਅਤੇ ਲਾਇਸੰਸ ਬਾਰੇ ਜਾਣਕਾਰੀ ਅਤੇ ਤੁਹਾਡੇ ਕਾਰੋਬਾਰ ਨੂੰ ਸ਼ੁਰੂ ਕਰਨ ਜਾਂ ਵਧਾਉਣ ਲਈ ਗਾਈਡਾਂ।

ਇਹ ਵੀ ਦੇਖੋ:

- ਗਾਈਡ 2 ਵਪਾਰਕ ਲੀਜ਼ ਬਾਰੇ ਗੱਲਬਾਤ
- ਗਾਈਡ 3: ਜਗ੍ਹਾ ਬਦਲੀ ਅਤੇ ਨਵੀਂ ਜਗ੍ਹਾ ਲੱਭਣੀ
- ਗਾਈਡ 4: ਪੁਨਰ-ਵਿਕਾਸ: ਸਮਾਂਰੇਖਾ ਅਤੇ ਪ੍ਰਕਿਰਿਆ
- ਗਾਈਡ 5: ਸਿਟੀ ਪਰਮਿਟ ਅਤੇ ਲਾਇਸੰਸ ਪ੍ਰਕਿਰਿਆਵਾਂ ਨੂੰ ਸਮਝਣਾ
- ਗਾਈਡ 6: ਸਹਾਇਤਾ, ਸਰੋਤ ਅਤੇ ਸ਼ਬਦਾਵਲੀ

ਜੇਕਰ ਤੁਸੀ ਭੋਜਨ ਸੇਵਾ ਦਾ ਕਾਰੋਬਾਰ ਕਰਦੇ ਹੋ, ਤਾਂ ਕਰਿਪਾ ਕਰਕੇ ਨੋਟ ਕਰੋ ਕਿ ਵੈਨਕੂਵਰ ਸਟੀ ਪਰਮਟਿਾਂ ਤੋ ਇਲਾਵਾ, ਭੋਜਨ ਸੇਵਾ ਪਰਮਟਿ ਵੈਨਕੂਵਰ ਕੋਸਟਲ ਹੈਲਥ ਦੁਆਰਾ ਜਾਰੀ ਕੀਤੇ ਜਾਂਦੇ ਹਨ।

!

**ਅਸੀਂ ਜ਼ੋਰ ਦੇ ਕੇ ਸਿਫ਼ਾਰਿਸ਼ ਕਰਦੇ ਹਾਂ ਕਿ ਤੁਸੀਂ ਆਪਣੀ ਕਿਰਾਏਦਾਰੀ ਅਤੇ ਜਗ੍ਹਾ ਬਦਲੀ ਸੰਬੰਧੀ ਕਿਸੇ ਵੀ ਗੱਲ ਲਈ ਪੇਸ਼ੇਵਰ ਸਲਾਹ ਲਵੋ।** ਸਹਾਇਤਾ ਕਿਵੇਂ ਪ੍ਰਾਪਤ ਕਰਨੀ ਹੈ ਇਸ ਬਾਰੇ ਹੋਰ ਜਾਣਕਾਰੀ ਲਈ, ਕਿਰਪਾ ਕਰਕੇ ਗਾਈਡ 6: ਸਹਾਇਤਾ, ਸਰੋਤ ਅਤੇ ਸ਼ਬਦਾਵਲੀ ਦੇਖੋ।

**ਕਿਰਪਾ ਕਰਕੇ ਧਿਆਨ ਦਿਓ:** ਇਸ ਗਾਈਡ ਦਾ ਇਰਾਦਾ ਕਾਰੋਬਾਰੀ ਆਪਰੇਟਰਾਂ ਲਈ ਮਦਦਗਾਰ ਸੇਵਾ ਬਣਨਾ ਹੈ। ਕਾਨੂੰਨੀ ਜਾਂ ਹੋਰ ਪੇਸ਼ੇਵਰ ਸਲਾਹ ਲਈ ਇਸ 'ਤੇ ਭਰੋਸਾ ਨਹੀਂ ਕੀਤਾ ਜਾਣਾ ਚਾਹੀਦਾ।

ਸਿਟੀ ਸਟਾਫ਼ ਸਿਫ਼ਾਰਿਸ਼ ਕਰਦਾ ਹੈ ਕਿ ਲੋੜ ਪੈਣ 'ਤੇ ਤੁਸੀਂ ਢੁਕਵੀਂ ਸਲਾਹ ਲਓ।